Service and Information Update

29 ਜਨਵਰੀ, 2019

# ਬ੍ਰੈਂਪਟਨ ਦੇ ਵਿੰਟਰ ਸਟੌਰਮ ਬਾਰੇ ਅੱਪਡੇਟ: ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਬ੍ਰੈਂਪਟਨ ਵਿੱਚ ਸਰਦੀ ਦੇ ਭਾਰੀ ਤੂਫਾਨ ਕਾਰਨ ਬਹੁਤ ਵੱਡੀ ਪਰੇਸ਼ਾਨੀ ਆ ਗਈ ਹੈ। ਇਸ ਤੂਫਾਨ ਨਾਲ ਰਿਕਾਰਡ-ਬ੍ਰੇਕਿੰਗ ਬਰਫ ਪਈ ਹੈ। ਹੇਠਾਂ ਦਿੱਤਾ ਗਿਆ ਹੈ ਕਿ ਤੁਹਾਨੂੰ ਅੱਜ, 29 ਜਨਵਰੀ ਲਈ ਕੀ ਜਾਣਨ ਦੀ ਲੋੜ ਹੈ:

**ਸੇਵਾ ਦੇ ਪੱਧਰ**

ਬਰਫ ਲਗਭਗ ਸਵੇਰੇ 4:30 ਵਜੇ ਪੈਣਾ ਬੰਦ ਹੋ ਗਈ ਸੀ ਅਤੇ ਅਮਲੇ ਸੜਕਾਂ, ਪਗਡੰਡੀਆਂ, ਟ੍ਰੇਲਾਂ, ਟ੍ਰਾਂਜ਼ਿਟ ਸਟੌਪਸ, ਸਕੂਲ ਦੇ ਚੌਰਾਹਿਆਂ ਅਤੇ ਫਾਇਰ ਹਾਲ ਅਤੇ ਰੇਕ੍ਰੀਏਸ਼ਨ ਸੈਂਟਰ ਦੇ ਪਾਰਕਿੰਗ ਲੌਟਸ ਨੂੰ ਸਾਫ ਕਰ ਰਹੇ ਹਨ।

ਅਮਲੇ ਸਿਟੀ ਦੇ ਹਰੇਕ ਖੇਤਰ ਤੇ ਬਹੁਤ ਮਿਹਨਤ ਕਰ ਰਹੇ ਹਨ, ਪਰੰਤੂ ਇਸ ਵਿੱਚ ਥੋੜ੍ਹਾ ਸਮਾਂ ਲੱਗੇਗਾ। ਇਸ ਤੂਫਾਨ ਦੀ ਤੀਬਰਤਾ ਦੇ ਕਾਰਨ, ਇਸਨੂੰ ਮੌਸਮ ਸਬੰਧੀ ਵੱਡੀ ਘਟਨਾ ਘੋਸ਼ਿਤ ਕੀਤਾ ਗਿਆ ਸੀ। ਬਰਫ ਹਟਾਉਣ ਦੇ ਸਾਰੇ ਕੰਮ, ਬਰਫ ਪੈਣਾ ਬੰਦ ਹੋਣ ਦੇ ਬਾਅਦ 48 ਘੰਟਿਆਂ ਦੇ ਅੰਦਰ ਪੂਰੇ ਹੋਣ ਦੀ ਆਸ ਕੀਤੀ ਜਾਂਦੀ ਹੈ (ਵੀਰਵਾਰ, 31 ਜਨਵਰੀ, ਸਵੇਰੇ 4:30 ਵਜੇ ਤੱਕ)।

ਕੁਝ ਸੜਕਾਂ ਅਤੇ ਪਗਡੰਡੀਆਂ ਤੇ ਚੱਲਣਾ ਮੁਸ਼ਕਲ ਹੋਵੇਗਾ, ਜਦੋਂ ਤੱਕ ਉਹਨਾਂ ਤੋਂ ਬਰਫ ਨਹੀਂ ਹਟਾਈ ਜਾਂਦੀ। ਕਿਰਪਾ ਕਰਕੇ ਹੌਲੀ ਚੱਲੋ ਅਤੇ ਥੋੜ੍ਹਾ ਵਾਧੂ ਸਮਾਂ ਲਗਾਓ।

ਅਸੀਂ ਬਰਫ ਹਟਾਉਣ ਦੇ ਇਸ ਕੰਮ ਦੇ ਦੌਰਾਨ ਸਾਡੇ ਨਿਵਾਸੀਆਂ ਦੇ ਸਹਿਯੋਗ ਅਤੇ ਧੀਰਜ ਦੀ ਪ੍ਰਸ਼ੰਸਾ ਕਰਦੇ ਹਾਂ। ਜਦੋਂ ਬਰਫ ਹਟਾਉਣ ਦਾ ਕੰਮ ਪੂਰਾ ਹੋ ਜਾਏਗਾ ਅਤੇ ਨਿਵਾਸੀਆਂ ਨੂੰ ਲੱਗਦਾ ਹੈ ਕਿ ਉਹਨਾਂ ਦੀ ਸਟ੍ਰੀਟ ਤੇ ਕੰਮ ਨਹੀਂ ਹੋਇਆ, ਤਾਂ ਉਹ 311 ਤੇ ਫੋਨ ਕਰ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ।

ਰੀਮਾਈਂਡਰਸ:

- ਰੈਜੀਡੈਂਸ਼ੀਅਲ ਸਟ੍ਰੀਟਸ ਤੇ ਮੁੱਖ ਸੜਕਾਂ ਵਾਂਗ ਪਟਰੀਆਂ ਬਿਲਕੁੱਲ ਖਾਲੀ ਕਰਨ ਲਈ ਬਰਫ ਹਟਾਉਣ ਦੀ ਮਸ਼ੀਨ ਨਹੀਂ ਚਲਾਈ ਜਾਂਦੀ। ਮਸ਼ੀਨ ਚਲਾਉਣ ਤੋਂ ਬਾਅਦ ਤੁਹਾਡੀ ਸਟ੍ਰੀਟ ਤੇ ਥੋੜ੍ਹੀ-ਬਹੁਤ ਬਰਫ ਰਹਿ ਜਾਣਾ ਆਮ ਗੱਲ ਹੈ।
- ਜਦੋਂ ਅਮਲੇ ਸੜਕਾਂ ਤੋਂ ਬਰਫ ਹਟਾਉਂਦੇ ਹਨ, ਤਾਂ ਨਿਵਾਸੀਆਂ ਦੇ ਡ੍ਰਾਈਵੇਜ ਦੇ ਕਿਨਾਰਿਆਂ ਤੇ ਬਰਫ ਰਹਿ ਜਾਂਦੀ ਹੈ। ਅਸੀਂ ਸਮਝਦੇ ਹਾਂ ਕਿ ਇਸ ਨਾਲ ਨਿਵਾਸੀ ਨਿਰਾਸ਼ ਹੋ ਸਕਦੇ ਹਨ, ਪਰੰਤੂ ਅਫਸੋਸ ਨਾਲ ਬਰਫ ਦੇ ਢੇਰ ('ਵਿਨਡ੍ਰੋਜ') ਨੂੰ ਰੋਕਿਆ ਨਹੀਂ ਜਾ ਸਕਦਾ।
- ਕਿਰਪਾ ਕਰਕੇ ਸਟ੍ਰੀਟ ਵਿੱਚ ਪਾਰਕ ਕੀਤੀਆਂ ਸਾਰੀਆਂ ਕਾਰਾਂ ਹਟਾ ਲਵੋ, ਤਾਂ ਜੋ ਅਮਲੇ ਸੁਰੱਖਿਅਤ ਰੂਪ ਨਾਲ ਇਸਨੂੰ ਸਾਫ ਕਰ ਸਕਣ।
- ਕਿਰਪਾ ਕਰਕੇ ਪਗਡੰਡੀਆਂ ਤੋਂ ਬਰਫ ਅਤੇ ਆਈਸ ਨੂੰ ਹਟਾ ਕੇ ਉਹਨਾਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਕਰੋ। ਬਜ਼ੁਰਗਾਂ ਅਤੇ ਸਥਾਈ ਅਪਾਹਜਪੁਣੇ ਵਾਲੇ ਨਿਵਾਸੀਆਂ ਲਈ, ਸਿਟੀ ਬਰਫ ਹਟਾਉਣ ਲਈ ਆਰਥਿਕ ਸਹਾਇਤਾ ਪੇਸ਼ ਕਰਦੀ ਹੈ। www.brampton.ca/snow ਤੇ ਹੋਰ ਜਾਣੋ

**ਟ੍ਰਾਂਜ਼ਿਟ**

ਬ੍ਰੈਂਪਟਨ ਟ੍ਰਾਂਜ਼ਿਟ ਕੁਝ ਰੂਟਾਂ ਤੇ ਦੇਰੀ ਨਾਲ ਚੱਲ ਰਹੀ ਹੈ। ਕਿਰਪਾ ਕਰਕੇ ਯਾਤਰਾ ਲਈ ਕਾਫੀ ਵਾਧੂ ਸਮਾਂ ਕੱਢੋ। ਅੱਪਡੇਟਸ ਲਈ, Twitter ਤੇ @BramptonTransit ਨੂੰ ਫਾੱਲੋ ਕਰੋ ਜਾਂ 905.874.2999 ਤੇ ਫੋਨ ਕਰੋ। ਸੁਚੇਤ ਰਹੋ ਅਤੇ ਬੱਸ ਸਟੌਪਸ ਅਤੇ ਟਰਮੀਨਲਾਂ ਤੇ ਧਿਆਨਪੂਰਬਕ ਚੱਲੋ।

**ਰੇਕ੍ਰੀਏਸ਼ਨ ਸੈਂਟਰ**

ਰੇਕ੍ਰੀਏਸ਼ਨ ਸੈਂਟਰ ਖੁੱਲ੍ਹੇ ਹਨ, ਪਰੰਤੂ ਅੱਜ ਸਵੇਰ ਲਈ ਜ਼ਿਆਦਾਤਰ ਰਜਿਸਟਰਡ ਅਤੇ ਡ੍ਰੌਪ-ਇਨ ਪ੍ਰੋਗਰਾਮ ਰੱਦ ਕਰ ਦਿੱਤੇ ਗਏ ਹਨ। ਨਿਯਮਿਤ ਪ੍ਰੋਗਰਾਮ ਅੱਜ ਦੁਪਹਿਰ ਬਾਅਦ ਦੁਬਾਰਾ ਸ਼ੁਰੂ ਹੋਣ ਦੀ ਆਸ ਕੀਤੀ ਜਾਂਦੀ ਹੈ। ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਣ ਤੋਂ ਪਹਿਲਾਂ ਆਪਣੇ ਰੇਕ੍ਰੀਏਸ਼ਨ ਸੈਂਟਰ ਨੂੰ ਫੋਨ ਕਰ ਲੈਣ।

**ਬ੍ਰੈਂਪਟਨ ਲਾਇਬ੍ਰੇਰੀ**

ਬ੍ਰੈਂਪਟਨ ਲਾਇਬ੍ਰੇਰੀ (Brampton Library) ਦੀਆਂ ਸਾਰੀਆਂ ਬ੍ਰਾਂਚਾਂ ਅੱਜ ਸਵੇਰ ਦੇ ਸਮੇਂ ਬੰਦ ਰਹਿਣਗੀਆਂ ਅਤੇ ਦੁਪਹਿਰ ਬਾਅਦ 1 ਵਜੇ ਦੁਬਾਰਾ ਖੁੱਲ੍ਹਣਗੀਆਂ।

**ਜੁੜੇ ਰਹੋ:**

- ਬਰਫ ਹਟਾਉਣ ਦੇ ਅੱਪਡੇਟਸ ਲਈ www.brampton.ca/snow ਤੇ ਜਾਓ
- ਸਿਟੀ ਆਫ ਬ੍ਰੈਂਪਟਨ ਨੂੰ Twitter ਅਤੇ Facebook ਤੇ ਫਾੱਲੋ ਕਰੋ
- ਸਰਦੀ ਸਬੰਧੀ ਸੁਰੱਖਿਆ ਸੁਝਾਵਾਂ ਲਈ www.brampton.ca/prepared ਤੇ ਜਾਓ
- ਸਰਦੀ ਦੇ ਸੰਚਾਲਨਾਂ ਦੇ ਸਬੰਧ ਵਿੱਚ ਤਤਕਾਲ ਸਥਿਤੀਆਂ ਲਈ ਬੇਨਤੀਆਂ 311@brampton.ca ਤੇ ਈਮੇਲ ਕਰੋ ਜਾਂ 311 ਤੇ ਫੋਨ ਕਰੋ

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca